WORLD BHANGRA
LEAGUE

# ਵਰਲਡ
# ਭੰਗੜਾ
# ਲੀਗ

# ਸ਼ਰਧਾਂਜਲੀ

ਇਹ ਮਸ਼ਾਲ ਸਾਡੇ ਪੁਰਖਾਂ ਨੇ ਪੀੜੀ ਦਰ ਪੀੜੀ ਮੱਗਦੀ ਰੱਖੀ। ਇਹ ਉਹਨਾਂ ਸਭਨਾਂ ਲਈ ਸਤਿਕਾਰ ਵਾਲੀ ਗੱਲ ਹੈ।
ਜਿਨ੍ਹਾਂ ਨੇ ਇੱਕ ਪੇਂਡੂ ਤਾਲ ਨੂੰ ਮਿਹਜ਼ ਦਿਨਚਰਿਆ ਦੀ ਹੈਸੀਅਤ ਤੋਂ ਉਤਾਂਹ ਚੁੱਕ ਕੇ ਸਮੁੱਚੇ ਪੰਜਾਬ ਦੀ ਧਵਕਣ ਬਣਾ ਕੇ ਰੱਖ ਦਿੱਤਾ।

# ਭੰਗੜਾ



## ਸਿਜਦਾ ਹੈ ਭੰਗੜੇ ਦਾ ਮੁੱਢ ਬਣਾਉਣ ਵਾਲੀਆ ਮਾਯਾਨਾਜ਼ ਹਸਤੀਆਂ ਨੂੰ

ਕੈਪਟਨ ਮਨੋਹਰ ਦੀਪਕ (ਫ਼ਿਲਮੀ ਅਭਿਨੇਤਾ ਅਤੇ ਨਿਰਦੇਸ਼ਕ)
ਢੋਲ ਮਾਸਟਰ ਉਸਤਾਦ ਭਾਨਾ ਰਾਮ ਸੁਨਾਮੀ
ਅਲਗੋਜ਼ਾ ਮਾਸਟਰ ਮੰਗਲ ਰਾਮ ਸੁਨਾਮੀ
ਗੁਰਬਚਨ ਦੀਪਕ
ਅਵਤਾਰ ਦਪਿਕ
ਚਮਨ ਲਾਲ ਰਾਣਾ
ਬਲਬੀਰ ਸਿੰਘ ਸੇਖੋਂ
ਅਮਰਜੀਤ ਸਿੰਘ ਮਾਨ (ਮੁੱਛ)
ਭਗਵੰਤ ਸਿੰਘ
ਬਾਜ਼ੀਗਰ ਮੁੰਡੇ, -
ਬਾਨਾ ਰਾਮ
ਚਿਮਟਾ ਵਾਦਕ ਦਾਰੀ ਰਾਮ
ਜਾਲੂ ਰਾਮ
ਮਾਹੀ ਰਾਮ
ਇਕਤਾਰਾ ਵਾਦਕ ਹਰਨਾਮ ਸਿੰਘ (ਨਹਮਾ)

ਆਪ ਸਭ ਨੂੰ ਸਨਮਾਨ ਦਿੰਦਿਆਂ ਅਸੀਂ ਮਾਣ ਮਹਿਸੂਸ ਕਰਦੇ ਹਾਂ।

ਤੁਹਾਡੇ ਨਕਸ਼-ਇ-ਕਦਮ ਤੇ ਚੱਲ ਕੇ ਹੀ ਭੰਗੜਾ ਆਲਮੀ ਪੱਧਰ ਤੱਕ ਪੁੱਜਿਓ ਹੈ। ਤੁਸੀਂ ਹੀ ਤਾਂ ਸੀ ਉਹ ਚਾਨਣ ਮੁਨਾਰੇ, ਜਿਨ੍ਹਾਂ ਦੇ ਦਿਲਾਂ ਵਿੱਚ ਪੰਜਾਬ ਦੀ ਰੂਹ ਧੜਕਦੀ ਸੀ। ਅੱਜ ਦੀ ਪੀੜੀ ਮਾਣ ਨਾਲ ਭੰਗੜਾ ਪਾਉਂਦੀ ਹੈ ਕਿਉਂ ਕਿ ਉਹਨਾ ਨੂੰ ਓਪਣੀ ਵਿਰਾਸਤ, ਲੈਅ ਅਤੇ ਉਚੇਰੇ ਮਕਸਦ ਨਾਲ ਤੁਸੀਂ ਮਾਲਾਮਾਲ ਕੀਤਾ ਹੈ।








# ਕੈਪਟਨ ਮਨੋਹਰ ਦੀਪਕ






## ਪ੍ਰਸਤਾਵਨਾ

ਕੈਪਟਨ ਮਨੋਹਰ ਦੀਪਕ (1931–2008) ਮੰਨਿਆ ਪਰਮੰਨਿਆ ਭੰਗੜਾ ਕਲਾਕਾਰ ਸੀ, ਜੋ ਆਪਣੀ ਊਰਜਾਵਾਨ ਭੰਗੜਾ ਪੇਸ਼ਕਾਰੀ ਲਈ ਜਾਣਿਆ ਜਾਂਦਾ ਸੀ। ਭਾਰਤੀ ਸਿਨੇਮਾ ਦੇ ਪਟ ਅੰਦਰ ਉਸ ਨੇ ਆਪਣਾ ਕੈਰੀਅਰ 1956 ਵਿੱਚ ਬਣੀ ਫਿਲਮ 'ਜਾਗਤੇ ਰਹੋ' ਦੇ ਗਾਣੇ "ਮੈਂ ਕੋਈ ਝੂਟ ਬੋਲਿਆ,...' ਵਿੱਚਲੀ ਭੰਗੜੇ ਦੀ ਪੇਸ਼ਕਾਰੀ ਨਾਲ ਕੀਤਾ। ਇਸ ਗਾਣੇ ਵਿੱਚ ਉਸ ਨੇ ਮਹਾਨ ਸ਼ੋਅਮੈਨ ਰਾਜ ਕਪੂਰ ਨਾਲ ਮਿਲ ਕੇ ਭੰਗੜਾ ਪਾਇਆ। ਕਾਬਿਲ ਜ਼ਿਕਰ ਹੈ ਕਿ ਰਾਜ ਕਪੂਰ ਨੇ ਆਪਣੀ ਹੱਥੀਂ ਖ਼ਤ ਲਿਖ ਕੇ ਉਸ ਨੂੰ ਭਾਰਤੀ ਸਿਨੇਮਾ ਦਾ ਹਿੱਸਾ ਬਣਨ ਲਈ ਬੁਲਾਇਆ ਸੀ। 'ਜਾਗਤੇ ਰਹੋ' ਤੋਂ ਇਲਾਵਾ ਉਸ ਨੇ ਹੋਰ ਵੀ ਕਈ ਫ਼ਿਲਮਾਂ ਵਿੱਚ ਕੰਮ ਕਰ ਕੇ ਆਪਣਾ ਲੋਹਾ ਮਨਵਾਇਆ।

- ਨਵਾਂ ਦੌਰ (1957)
- ਬੰਬਈ ਕਾ ਬਾਬੂ (1960)
- ਖੇਡਣ ਦੇ ਦਿਨ ਚਾਰ (1962)
- ਆਇਆ ਤੂਫ਼ਾਨ (1964)
- ਧਰਤੀ ਵੀਰਾਂ ਦੀ (1965)
- ਜੈ ਜਵਾਲਾ (1972)







# ਉਸਤਾਡ ਭਾਨਾ ਰਾਮ ਸੁਨਾਮੀ







## ਪ੍ਰਸਤਾਵਨਾ

ਢੋਲੀ ਭਾਨਾ ਰਾਮ (1906–1999) ਦਾ ਜਨਮ ਸ਼ੇਖ਼ੂਪੁਰਾ (ਹੁਣ ਪਾਕਿਸਤਾਨ) ਵਿੱਚ ਹੋਇਆ ਸੀ। ਉਸ ਨੇ ਢੋਲ–ਵਾਦਨ ਦੀ ਸਿੱਖਿਆ ਜਨਾਬ ਮੁਹੰਮਦ ਅਲੀ ਤੋਂ ਲਈ ਅਤੇ ਬਾਜ਼ੀਗਰੀ ਬਾਬਾ ਰੂੜਾ ਰਾਮ ਤੋਂ ਸਿੱਖੀ। ਉਸ ਦਾ ਨਾਮ ਦੇਸ਼ – ਵੰਡ ਤੋਂ ਪਹਿਲਾਂ ਦੇ ਨਾਮਵਰ ਢੋਲੀਆਂ ਵਿੱਚ ਸ਼ੁਮਾਰ ਹੈ। ਉਸ ਨੇ ਪੰਜਾਬ ਦੇ ਲੋਕ – ਨਾਚ ਭੰਗੜੇ ਨੂੰ ਨਵੀਂ ਨੁਹਾਰ ਬਖ਼ਸ਼ਣ ਵਿੱਚ ਅਹਿਮ ਭੂਮਿਕਾ ਨਿਭਾਈ। ਉਹ ਬਜ਼ਾਤੇ ਖ਼ੁਦ ਅਜਿਹੇ ਕਈ ਲੋਕ–ਕਲਾਕਾਰਾਂ ਦੇ ਉਸਤਾਦ ਰਹੇ ਜਿਨ੍ਹਾਂ ਨੇ ਅੱਗੇ ਜਾ ਕੇ ਉਸ ਦੀ ਭੰਗੜੇ ਅਤੇ ਲੋਕ–ਸੰਗੀਤ ਦੀ ਵਿਰਾਸਤ ਨੂੰ ਅੱਗੇ ਵਧਾਇਆ॥





RADIO
RADIO







# ਮੰਗਲ ਰਾਮ ਸੁਨਾਮੀ

## ਪ੍ਰਸਤਾਵਨਾ

ਮੰਗਲ ਰਾਮ ਸੁਨਾਮੀ (1931-2002) ਬਾਜ਼ੀਗਰ ਸਮਾਜ ਨਾਮ ਵਾਬਸਤਾ ਇੱਕ ਅਲਗੋਜ਼ਾ - ਵਾਦਕ ਸੀ। ਉਸ ਦਾ ਜਨਮ ਵੀ ਸ਼ੇਖੂਪੁਰੇ ਵਿੱਚ ਹੀ ਹੋਇਆ ਸੀ। ਉਸਤਾਦ ਭਾਨਾ ਰਾਮ ਦਾ ਇਹ ਸ਼ਾਗਿਰਦ ਕੌਮਾਂਤਰੀ ਪੱਧਰ ਤੇ ਮਾਣ ਅਤੇ ਸਤਿਕਾਰ ਹਾਸਲ ਕਰਨ ਵਾਲਾ ਫ਼ਨਕਾਰ ਬਣ ਕੇ ਸਾਹਮਣੇ ਆਇਆ। ਉਹ ਸ਼ੁਰੂ ਤੋਂ ਹੀ ਭੰਗੜਾ ਟੀਮ ਦਾ ਅਨਖੜਵਾਂ ਅਮਗ ਰਿਹਾ ਅਤੇ ਬਾਜ਼ੀਗਰ ਸਮੁਦਾਇ ਵਿੱਚ ਵੀ ਉਸ ਦੀ ਬਹੁਤ ਇੱਜ਼ਤ ਸੀ। ਖ਼ਾਨਦਾਨੀ ਬਾਜ਼ੀਗਰੀ ਦੇ ਹੁਨਰ ਦਾ ਮਾਲਕ ਹੋਣ ਕਰਕੇ, ਉਸ ਨੇ ਫ਼ਿਲਮਾਂ ਵਿੱਚ ਸਟੰਟ ਵੀ ਕੀਤੇ ਅਤੇ ਮਨੋਹਰ ਦੀਪਕ, ਸੁਨੀਲ ਦੱਤ ਅਤੇ ਜੌਹਨੀ ਲੀਵਰ ਦੇ ਟਰੁੱਪ ਨਾਲ ਰਲ ਕੇ ਵੀ ਕੰਮ ਕੀਤਾ।



# ਭੰਗੜੇ ਦਾ ਸਫਰ

# 1953



## ਟੀਮ ਦੀ ਰਚਨਾ

ਭਾਰਤ ਦੀ ਤਕਸੀਮ ਤੋਂ ਬਾਅਦ 1953 ਵਿੱਚ ਮਨੋਹਰ ਦੀਪਕ ਨੇ ਆਪਣੇ ਸਮਰਪਿਤ ਸਾਥੀਆਂ - ਉਸਤਾਦ ਭਾਨਾ ਰਾਮ ਸੁਨਾਮੀ, ਚਮਨ ਲਾਲਾ ਰਾਣਾ, ਬਲਬੀਰ ਸਿੰਘ ਸੇਖੋਂ, ਗੁਰਬਚਨ ਦੀਪਕ ਅਤੇ ਬਾਜ਼ੀਗਰਾਂ ਦੇ ਹੁਨਰਮੰਦ ਮੁੰਡਿਆ ਨੂੰ ਨਾਲ ਲੈ ਕੇ ਸੁਨਾਮ ਵਿੱਚ ਇੱਕ ਟੀਮ ਬਣਾਈ ਤਾਂ ਕਿ ਸਟੇਜ਼ਾਂ ਤੇ ਭੰਗੜੇ ਦੀ ਪੇਸ਼ਕਾਰੀ ਕੀਤੀ ਜਾ ਸਕੇ। ਭਾਵੇਂ ਭੰਗੜੇ ਦਾ ਜਨਮ ਸਿਆਲਕੋਟ ਵਿੱਚ ਹੋਇਆ ਸੀ, ਪਰ ਦੇਸ਼ ਦੀ ਵੰਡ ਤੋਂ ਬਾਅਦ ਇਸ ਟੀਮ ਦੇ ਸਾਂਝੇ ਕਦਮ ਨਾਲ ਇਸ ਨੇ ਪੂਰਬੀ ਪੰਜਾਬ ਵਿੱਚ ਨਵਾਂ ਜਨਮ ਦੇ ਕੌਮੀ ਪੱਧਰ ਤੇ ਮਾਨਤਾ ਪ੍ਰਾਪਤ ਕਤੀ।

ਪੈਪਸੂ ਦੇ ਮਹਾਰਾਜਾਾ ਯਾਦਵਿੰਦਰ ਸਿੰਘ ਦੀ ਸਰਪ੍ਰਸਤੀ ਹੇਠ ਇਸ ਟੀਮ ਦੀ ਪਹਿਲੀ ਪੇਸ਼ਕਾਰੀ ਪਟਿਆਲਾ ਜ਼ਿਲ੍ਹੇ ਦੇ ਪਿੰਡ ਥੇਹੜੀ ਵਿੱਚ ਹੋਈ, ਜਿੱਥੇ ਸੂਬਾ - ਪੱਧਰੀ ਪਸ਼ੂ ਮੇਲਾ ਲੱਗਿਆ ਹੋਇਆ ਸੀ। ਇਸ ਪੇਸ਼ਕਾਰੀ ਦੀ ਊਰਜਾ ਅਤੇ ਸੱਭਿਆਚਾਰਕ ਡੂੰਗਾਈ ਸਦਕਾ ਟੀਮ ਨੇ ਖ਼ੂਬ ਤਾਰੀਫ਼ ਹਾਸਲ ਕੀਤੀ। ਟੀਮ ਦੀ ਲਗਨ ਅਤੇ ਪ੍ਰਤਿਭਾ ਤੋਂ ਪ੍ਰਭਾਵਿਤ ਹੋ ਕੇ ਮਹਾਰਾਜੇ ਨੇ ਇਸ ਟੀਮ ਨੂੰ 5000 ਰੁਪਏ ਦਿੱਤੇ ਤਾਂ ਕਿ ਇਹ ਭੰਗੜੇ ਲਈ ਲੋੜੀਂਦੇ ਰਵਾਇਤੀ ਅਤੇ ਖ਼ੂਬਸੂਰਤ ਕਾਸਟਿਊਮ ਖ਼ਰੀਦੇ ਜਾ ਸਕਣ।





Practising Bhangra moves at Talkatora Gardens



Manohar Deepak welcoming Pandit Nehru at Talktora Gardens

# ਰਾਸ਼ਟਰੀ ਮੰਚ ਤੇ ਭੰਗੜਾ

## 1954

1954 – ਵਿੱਚ, ਇਸੇ ਟੀਮ ਨੇ ਗਣਤੰਤਰ ਦਿਵਸ ਦੇ ਉਤਸਵਾਂ ਦੋਰਾਨ ਦਿੱਲੀ ਵਿੱਚ ਪੈਪਸੂ ਦੀ ਨੁਮਾਇੰਦਗੀ ਕੀਤੀ ਜਿੱਥੇ ਇਸ ਨੂੰ ਸ਼੍ਰੇਸ਼ਠ ਪੇਸ਼ਕਾਰੀ ਕਾਰਨ ਪਹਿਲਾ ਪੁਰਸਕਾਰ ਮਿਲਿਆ। ਉਸੇ ਸਾਲ ਇਹਨਾਨੂੰ ਦੁਬਾਰਾ ਤਾਲਕਟੋਰਾ ਗਾਰਡਨ, ਨਵੀਂ ਦਿੱਲੀ ਵਿੱਚ ਹੋਏ ਆਲ ਇੰਡੀਆ ਫੋਕ ਡਾਂਸ ਫੈਸਟੀਵਲ ਵਿੱਚ ਆਪਣੀ ਪੇਸ਼ਕਾਰੀ ਲਈ ਪਹਿਲਾ ਇਨਾਮ ਮਿਲਿਆ। ਇਸ ਫੈਸਟੀਵਲ ਵਿੱਚ ਪ੍ਰਧਾਨ ਮੰਤਰੀ ਜਵਾਹਰ ਲਾਲ ਨੇਹਰੂ ਨਿੱਜੀ ਤੌਰ ‘ਤੇ ਸ਼ਾਮਲ ਸਨ ਅਤੇ ਉਨ੍ਹਾਂ ਨੇ ਇਹ ਪ੍ਰੋਗਰਾਮ ਦੇਖਿਆ ਵੀ ਸੀ।





# ਅੰਤਰਰਾਸ਼ਟਰੀ ਮੰਚ ‘ਤੇ ਭੰਗੜਾ

1955

1955–ਵਿੱਚ ਭਾਰਤ ਸਰਕਾਰ ਨੇ ਭਾਨਾ ਰਾਮ, ਮੰਗਲ ਰਾਮ ਅਤੇ ਦੀਪਕ ਭਰਾਵਾਂ – ਮਨੋਹਰ, ਅਵਤਾਰ ਅਤੇ ਗੁਰਬਚਨ – ਨੂੰ ਚੀਨ ਜਾਣ ਵਾਲੇ ਇੱਕ ਕੌਮਾਂਤਰੀ ਸੱਭਿਆਚਾਰਕ ਸ਼ਿਸ਼ਟ ਮੰਡਲ ਦੀ ਅਗਵਾਈ ਪ੍ਰਧਾਨ ਮੰਤਰੀ ਜਵਾਹਾਰ ਲਾਲ ਨੇਹਰੂ ਕਰ ਰਹੇ ਸਨ। ਉੱਥੇ ਇਨ੍ਹਾਂ ਕਲਾਕਾਰਾਂ ਦੀ ਮੁਲਾਕਾਤ ਆਪਣੇ ਸੱਭਿਆਚਾਰ ਦੀ ਪ੍ਰਤੀਨਿਧਤਾ ਕਰਨ ਲਈ ਹੋਰਨਾਂ ਸੂਬਿਆਂ ਤੋਂ ਆਏ ਕਲਾਕਾਰਾਂ ਨਾਲ ਵੀ ਹੋਈ। ਇਸ ਫੈਸਟੀਵਲ ਵਿੱਚ ਭਾਰਤੀ ਡੈਲੀਗੇਸ਼ਨ ਅਤੇ ਖ਼ਾਸ ਤੌਰ ਤੇ ਪੰਜਾਬੀ ਕਲਾਕਾਰਾਂ ਦੀ ਪੇਸ਼ਕਾਰੀ ਦੀ ਰੱਜ ਕੇ ਤਾਰੀਫ਼ ਕੀਤੀ ਗਈ।

# ਮੁੰਬਈ ਦੇ ਸੱਭਿਆਚਾਰਕ ਸਮਾਗਮ ਅਤੇ ਭਾਰਤੀ ਸਿਨੇਮਾ ਵਿੱਚ ਭੰਗੜਾ



1956



## 1957

1957 ਵਿੱਚ, ਇਸ ਟੀਮ ਨੇ ਫ਼ਿਲਮ 'ਨਵਾਂ ਦੌਰ' ਵਿੱਚ ਇੱਕ ਛੋਟੇ ਕਿਰਦਾਰ ਰਾਹੀਂ ਉਪਣੀ ਜੋਸ਼ ਭਰੀ ਭੰਗੜਾ ਪੇਸ਼ਕਾਰੀ ਦਰਸਾਈ, ਜਿਸ ਵਿੱਚ ਅਕਰੋਬੈਟਿਕ ਕਲਾਬਾਜ਼ੀਆਂ ਅਤੇ ਇਕ ਵਿਲੱਖਣ ਫਾਰਮੇਸ਼ਨ ਵੀ ਸਾਮਲ ਸੀ - ਜਿਸਸ ਵਿੱਚ ਇੱਕ ਕਲਾਕਾਰ ਦੂਜੇ ਦੀ ਸੀਧੀ ਖੜੀ ਮੱਥੇ ਉੱਤੇ ਮਟਕੀ ਰੱਖ ਕੇ ਖਵਾ ਹੁੰਦਾ ਸੀ।

ਭੰਗੜੇ ਵਿੱਚ ਸਿਆਲਕੋਟੀ ਪੱਗ ਬੰਨ੍ਹ ਕੇ ਸਭ ਤੋਂ ਪਹਿਲਾਂ ਲੋਕ ਵਾਦ-ਯੰਤਰਾਂ 'ਕਾਂਟੋ' ਅਤੇ 'ਸੱਪ' ਦੀ ਵਰਤੋਂ ਕਰਨ ਵਾਲੇ ਵੀ ਇਹੋ ਫ਼ਨਕਾਰ ਸਨ।

1956 ਵਿੱਚ ਪੈਪਸੂ ਸਰਕਾਰ ਨੇ ਇੱਕ ਵਾਰ ਫਿਰ ਇਸ ਟੀਮ ਨੂੰ ਬੰਬਈ ਵਿੱਚ ਹੋਣ ਵਾਲੇ ਵਿਸਾਖੀ ਨਾਲ ਸਬੰਧਤ ਇੱਕ ਸੱਭਿਆਚਾਰਕ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਸਾਂਪਸਰ ਕੀਤਾ। ਇਸ ਸਮਾਗਮ ਨੂੰ ਦੇਖਣ ਲਈ ਵੀ ਬਹੁਤ ਪ੍ਰਸਿੱਧ ਹਸਤੀਆਂ ਪਹੁੰਚੀਆਂ ਹੋਈਆ ਸਨ, ਜਿਨ੍ਹਾਂ ਵਿੱਚ ਪ੍ਰਸਿੱਧ ਤਤਕਾਲੀਨ ਫਿਲਮੀ ਹੌਰੋ-ਹੀਰੋਇਣਾਂ ਵੀ ਸ਼ਾਮਲ ਸਨ। ਟੀਮ ਦੀ ਭੰਗੜਾਂ ਪੇਸ਼ਕਾਰੀ ਜੋਸ਼-ਓ-ਖਰੋਸ਼ ਨਾਲ ਭਰਪੂਰ ਸੀ। ਸਿੱਟੇ ਵਜੋਂ ਦਰਸ਼ਕਾਂ ਵੱਲੋਂ ਇਹ ਬਹੁਤ ਸਲਾਹੀ ਗਈ।

ਫ਼ਿਲਮ ਅਦਾਕਾਰਾ ਨਰਗਿਸ ਦੱਤ ਦਾ ਕਹਿਣਾ ਸੀਕਿ ਉਸ ਨੇ ਕਦੇ ਵੀ ਐਨਾ ਉਤਸ਼ਾਹ  ਭਰਿਆ ਨਾਚ ਨਹੀਂ ਦੇਕਿਆ। ਵੈਜਅੰਤੀ ਮਾਲਾ ਕਹਿਣ ਲੱਗੀ ਕਿ ਉਹ ਇਸ ਕਦਰ ਮੁਤਾਸਰ ਹੋਈ ਕਿ ਉਸ ਨੇ ਬਾਅਦ ਵਿੱਚ ਉਚੇਚਾ ਭੰਗੜਾ ਸਿੱਖਿਆ ਅਤੇ 'ਦਿੱਲੀ' ਫ਼ਿਲਮ ਵਿੱਚ ਭੰਗੜਾ ਪਾਇਆ ਵੀ।





# ਸੱਭਿਆਚਾਰਕ ਪ੍ਰਭਾਵ



**1952** ਤਕ ਉਸਤਾਦ ਭਾਨਾ ਰਾਮ ਸੁਨਾਮੀ ਅਤੇ ਚਮਨ ਲਾਲਾ ਰਾਣਾ ਸਮੇਤ ਦਪਿਕ ਭਰਾਵਾ 9ਮਨੋਹਰ, ਅਵਤਾਰ ਅਤੇ ਗੁਰਬਚਨ) ਦੀ ਅਗਵਾਈ ਵਿੱਚ ਇਸ ਗਰੁੱਪ ਨੇ ਲੋਕ-ਨਾਚ ਭੰਗੜੇ ਦੀਪੇਸ਼ਕਾਰੀ ਸਟੇਜ ਤੇ ਕਰਨੀ ਸ਼ੁਰੂ ਕੀਤੀ। ਉਹਨਾ ਨੇ ਇਸ ਦੇ ਵਿਜ਼ਨ, ਰਚਨਾ, ਮੂਵਮੈਂਟ ਅਤੇ ਸੁਰ-ਤਾਲ ਨੂੰ ਪਰਿਭਾਸ਼ਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਉਹਨਾਂ ਦੀ ਕਾਰਗੁਜ਼ਾਰੀ ਨੇ ਪੰਜਾਬ ਦੀਆ ਸਿਰ - ਕੱਢਣੀਆਂ ਸੱਭਿਆਚਾਰਕ ਸੰਸਥਾਵਾਂ ਦੀ ਬੁਨਿਆਦ ਰੱਖੀ।

ਬਾਜ਼ੀਗਰ ਫ਼ਨਕਾਰਾਂ ਨੇ ਝੂਮਰ, ਸਿਆਲਕੋਟੀ ਭੰਗੜਾ, ਲੁੰਡੀ ਅਤੇ ਘਮ ਲੁੱਡੀ ਵਰਗੇ ਕਲਾ ਰੂਪਾਂ ਨੂੰ ਇੱਕ ਨਵੀਂ ਸ਼ਕਲ ਦੇਣ ਵਿੱਚ ਸਾਰਥਕ ਭੂਮਿਕਾ ਨਿਭਾਈ। ਉਹਨਾਂ ਨੇ ਆਪਣੇ  ਕੰਮ ਰਾਹੀਂ ਬਾਜ਼ੀਗਰਾਂ ਦੇ ਢੋਲ ਦ ਸਹਾਇਤਾ ਨਾਲ ਭੰਗੜੇ ਦੇ ਨਿਰੰਤਰ ਵਿਕਾਸ ਦੀ ਨਵੀਂ ਰਾਹ ਪਾਈ। ਇਹਨਾਂ ਕਲਾਕਾਰਾਂ ਨੇ ਅਜੋਕੇ ਭੰਗੜੇ ਨੂ ਰੂਪ - ਆਕਾਰ ਦੇਣ ਲਈ ਸੁਤੰਤਰ ਤੌਰ ਤੇ ਜਾਂ ਕੋਚਾਂ ਨਾਲ ਰਲ ਕੇ ਸਕੂਲਾਂ, ਕਾਲਜ਼ਾਂ ਅਤੇ ਯੂਨੀਵਰਸਿਟੀਆਂ ਵਿੱਚ, ਅਤੇ ਪੰਜਾਬ ਜਾ ਪੰਜਾਬ ਤੋਂ ਬਾਹਰ ਹੋਣ ਵਾਲੇ ਸੱਬਿਓਚਾਰਕ ਸਮਾਗਮਾਂ ਲਈ ਨਵੀਆਂ ਲੋਅ-ਤਾਲਾਂ ਅਤੇ ਮੂਵਮੈਂਟਾਂ ਸ਼ਾਮਲ ਕੀਤੀਆਂ।

ਅੱਜ ਦੀ ਪੀੜੀ ਨੇ ਭੰਗੜੇ ਨੂੰ ਸਕੂਲਾਂ, ਕਾਲਜਾਂ, ਫ਼ਿਲਮਾਂ ਅਤੇ ਕੌਮਾਂਤਰੀ ਸਟੇਜਾਂ ਤੇ ਇੱਕ ਧਵਕਦੇ ਨਿੱਤ ਰੂਪ ਵਜੋਂ ਦੇਖਿਆ ਹੈ। ਲੈਕਿਨ ਬਹੁਤ ਥੋੜੇ ਲੋਕ ਜਾਣਦੇ ਹਨ ਕਿ ਭੰਗੜੇ ਦੀਆਂ ਜੜਾਂ ਵੰਡ ਤੋਂ ਪਹਿਲਾਂ ਵਾਲੇ ਪੰਜਾਬ ਵਿੱਚ ਡੂੰਘੀਆਂ ਧਸੀਆਂ ਹੋਈਆਂ ਹਨ। ਉਹ ਇਸ ਦੀ ਪੀੜ ਅਤੇ ਬੇਵਤਨੇ ਹੋਣ ਦੇ ਦਰਦ ਤੋਂ ਅਣਭਿੱਜ ਰਹਿ ਜਾਂਦੇ ਹਨ। ਉਸਤਾਦ ਭਾਨਾ ਰਾਮ ਸੁਨਾਮੀ, ਮਨੋਹਰ ਦੀਪਕ ਅਤੇ ਮੰਗਲ ਰਾਮ ਸੁਨਾਮੀ ਵਰਗੇ ਕਲਾਕਾਰ ਇਸ ਨੂੰ ਸਰਹੱਦ ਦੇ ਉਸ ਪਾਰੋਂ ਲੈ ਕੇ ਆਏ, ਸ਼ਰਨਾਰਥੀ ਕੈਂਪਾਂ ਵਿੱਚ ਇਸ ਨੂੰ ਜ਼ਿੰਦਾਂ ਰੱਕਿਆ ਅਤੇ ਕੌਮੀ ਪੱਧਰ ਦੀਆਂ ਫ਼ਿਲਮਾਂ ਦਾ ਹਿੱਸਾ ਬਣਾਇਆਪ ਦੇਸ਼ ਵੰਡ ਨੇ ਇਹਨਾਂ ਵਿੱਚੋਂ ਕਈਆ ਨੂੰ ਉਜਾੜ ਕੇ ਬੇਘਰ ਕਰ ਦਿੱਤਾ, ਪਰ ਸਦਕੇ ਇਹਨਾਂ ਕਲਾਕਾਰਾਂ ਦੇ ਜਿੰਨ੍ਹਾਂ ਨੇ ਭੰਗੜੇ ਨੂੰ ਆਧੁਨਿਕ ਭਾਰਤ ਦੇ ਦਿਲ ਦੀ ਧਵਕਣ ਬਣਾ ਦਿੱਤਾ। ਅੱਜ ਭੰਗੜੇ ਦੀ ਹਰਮਨਪਿਆਰਤਾ ਅਤੇ ਖੁਸ਼ੀਆ-ਖਿੜੇਆਂ ਦਾ ਸੰਚਾਰ ਕਰਦੀ ਅਮੁੱਲ ਮਾਣਮੱਤੀ ਯਾਤਰਾ ਹੀ ਭੰਗੜੇ ਇਨ੍ਹਾਂ ਪੁਰਖਾਂ ਦੀ ਵਿਰਾਸਤ ਹੈ।



# ਵਰਲਡ ਭੰਗੜਾ ਲੀਗ

# ਵਰਲਡ ਭੰਗੜਾ ਲੀਗ ਦੀ ਲੋੜ

ਕੋਈ ਵੇਲਾ ਸੀ ਕਿ ਭੰਗੜਾ ਜੀਵਨ-ਜਾਚ ਹੁੰਦਾ ਸੀ। ਇਹ ਖੁਸ਼ੀ ਦੇ ਮੌਕਿਆਂ 'ਤੇ ਘਰਾਂ ਵਿੱਚ ਪੈਂਦਾ ਸੀ', ਫ਼ਸਲ ਪੱਕਣ ਤੇ ਪਾਇਆ ਜਾਂਦਾ ਸੀ, ਪਰ ਸਮੇਂ ਦੇ ਨਾਲ ਨਾਲ ਇਹ ਕਿਧਰੇ ਗੁਓਚ ਗਿਆ। ਅੱਜ ਕੱਲ ਲੋਕਾਂ ਨੂੰ ਭੰਗੜੇ ਦੇ ਮੁੱਢ, ਮਕਸਦ ਅਤੇ ਡੂੰਘਾਈ ਦਾ ਕੋਈ ਇਲਮ ਨਹੀਂ। ਸਮਾਜ ਵੱਲੋਂ ਅਪਣਾਏ ਜਾ ਗੱਲ ਨਾਲ ਲਾਇਆ ਜਾਣ ਦੀ ਬਜਾਇ ਕਦੀ ਕਦਾਚਿਤ ਵਿਆਹ-ਸ਼ਾਦੀਆ ਜਾ ਜਨਤਕ ਸਮਾਗਮਾਂ ਤੇ ਕੁਝ ਭਾੜੇ ਦੇ ਕਲਾਕਾਰਾਂ ਵੱਲੋਂ ਨਿਭਾਈ ਜਾਣ ਵਾਲੀ ਰਸਮ ਜਿਹੀ ਬਣ ਕੇ ਰਹਿ ਗਿਆ ਹੈ। ਘਰਾਂ ਅਤੇ ਲੋਕ - ਮਨ ਵਿੱਚ ਭੰਗੜੇ ਪ੍ਰਤੀ ਚਾਹ, ਉਮੰਗ ਅਤੇ ਜਜ਼ਬਾ ਮੱਧਮ ਪੈਂਦਾ ਜਾ ਰਿਹਾ ਹੈ। ਕਾਰਨ ਚਿੱਟੇ ਦਿਨਾਂ ਵਾਂਗ ਸਾਫ਼ ਹੈ ਕਿ ਭੰਗੜੇ ਨੂੰ ਸਰਮਪਿਤ ਕੋਈ ਵੀ ਕੌਮੀ ਜਾਂ ਕੌਮਾਂਤਰੀ ਮੰਚ ਹੱਦ ਵਿੱਚ ਆਇਆ ਦਿਖਾਈ ਹੀ ਨਹੀਂ ਦਿੰਦਾ ਹਿੱਸਾ ਹੁੰਦੀ ਸੀ, ਅੱਜ ਪਿੱਠਵਰਤੀ ਮਨੋਰੰਜਨ ਦਾ ਸਾਧਨ ਬਣ ਕੇ ਰਹਿ ਗਈ ਹੈ। ਇਹ ਸਥਿਤੀ ਬਹੁਤ ਡੂੰਘੀ ਉਦਾਸੀ ਦੀ ਸਿਖਰ ਹੈ।

ਇਸ ਤੋਂ ਇਲਾਵਾ ਭੰਗੜੇ ਦੀ ਅਜੋਕੀ ਪੀੜੀ ਇੱਕ ਕਠੋਰ ਯਥਾਰਥ ਨਾਲ  ਦੋ-ਚਾਰ ਹੋ ਰਹੀ ਹੈ। ਉਸ ਲਈ ਨਾ ਕੋਈ ਰਸਮੀ ਸਹਿਯੋਗੀ ਤੰਤਰ ਹੈ, ਨਾ ਪੇਸਾਵਰ ਢਾਂਚਾ ਅਤੇ ਨਾ ਹੀ ਅਜਿਹਾ ਅਤਰਥਿਕ ਸਬੀਲ ਜਿਸ ਨਾਲ ਉਹ ਭੰਗੜੇ ਨੂਮ ਓਪਣੀ ਰੋਜ਼ ਰੋਟੀ ਦਾ ਵਸੀਲਾ ਬਣਾ ਸਕੇ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਬਹੁਤ ਸਾਰੇ ਕਲਾਕਾਰ ਭੰਗੜੇ ਪ੍ਰਤੀ ਆਪਣੇ ਜਜ਼ਬੇ ਨੂੰ ਮਜਬੂਰਨ ਤਲਾਂਜਲੀ ਦੇ ਚੁੱਕੇ ਹਨ। ਭੰਗੜਾ ਹੁਣ ਇੱਕ ਗੁੰਮਸ਼ੁਦਾ ਫ਼ਨ ਬਣ ਕੇ ਰਹਿ ਗਿਆ ਹੈ ਬਲਕਿ ਹੁਣ ਤਾਂ ਇਹ ਲੋਪ ਹੋਣ ਦੇ ਕੰਢੇ ਤੇ ਹੈ।

**ਬਿਨਾ ਮਾਨਤਾ, ਮਾਣ - ਇੱਜ਼ਤ ਜਾ ਵਸੀਲਿਆਂ ਨੂੰ ਯਕੀਨੀ ਬਣਾਉਣ ਤੋਂ ਅਸੀਂ ਨੌਜਵਾਨ ਤਬਕੇ ਤੋਂ ਭੰਗੜੇ ਨੂੰ ਜ਼ਿੰਦਾ ਰੱਖਣ ਦੀ ਉਮੀਦ ਕਿਵੇਂ ਰੱਖ ਸਕਦੇ ਹਾਂ?**

ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਭੰਗੜਾ ਗਗਨ ਦੇ ਉਹ ਧਰੂ ਤਾਰੇ, ਜਿਹੜੇ ਇਸ ਲੋਕ-ਨਾਚ ਨੂੰ ਬੁਲੰਦੀਆਂ ਤੱਕ ਲੈ ਕੇ ਗਏ, ਅੱਜ ਵਕਤ ਦੀ ਧੂੜ ਵਿੱਚ ਕਿਧਰੇ ਗੁਆਚ ਗਏ ਹਨ ਯਾਨੀ ਲੋਕ-ਮਨਾਂ ਤੋਂ ਭੁਲਾ ਦਿੱਤੇ ਗਏ ਹਨ। ਕਈ ਤਾਂ ਬਣਦੇ ਸਤਿਕਾਰ ਅਤੇ ਸਹਿਯੋਗ ਦੀ ਓਣਹੋਂਦ ਵਿੱਚ ਅਣਗੌਲੇਪਣ ਦਾ ਸ਼ਿਕਾਰ ਹੋ ਕੇ ਰਹਿ ਗਏ ਹਨ ਅਤੇ ਕਈ ਵਿਚਾਰੇ ਤਾ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਤੋਂ ਵੀ ਮਹਿਰੂਮ ਹਨ। ਇਸੇ ਲਈ ਆਪਣੀ ਹੋਂਦ ਨੂੰ ਬਚਾਉਣ ਦੀ ਜੱਦੋ-ਜਿਹਦ ਵਿੱਚ ਲੱਗੇ ਦਿਨਕਤੀ ਕਰ ਰਹੇ ਹਨ। ਨਾ ਹੀ ਉਹਨਾ ਦੇ ਜੀਵਨ-ਪੰਥ ਨੂੰ ਦਸਤਾਵੇਜ਼ੀ ਰੂਪ ਦੇਣ, ਉਹਨਾਂ ਦੀ ਬਾਤ  ਸੁਣਨ ਜਾ ਫ਼ਿਲਮਾਂ , ਗੋਸ਼ਟੀਆਂ ਅਤੇ ਮਿਸਰਤੀਆ ਰਾਹੀਂ ਹੀ ਉਹਨਾਂ ਦੀ ਦੇਣ ਨੂੰ ਮਾਨਤਾ ਦੇਣ ਲਈ ਕੋਈ ਕੋਸ਼ਿਸ਼ਾਂ ਹੋ ਰਹੀਆਂ ਹਨ।

**ਉਨ੍ਹਾਂ ਦੀਆਂ ਗਾਥਾਵਾਂ ਰਹਿ ਗਈਆਂ ਅਣਕਹੀਆਂ, ਅਣਸਾਂਭੀਆਂ ਤੇ ਅਣਗੌਲੀਆਂ।**

# ਵਰਲਡ ਭੰਗੜਾ ਲੀਗ ਦੀ ਲੋੜ

ਇਸ ਤੋਂ ਇਲਾਵਾ ਲੋਕ-ਨਾਚ ਬਾਰੇ ਸਿੱਕਿਆ ਅਤੇ ਖੋਜ ਦੀ ਵੀ ਕਮੀ ਹੈ। ਪੰਜਾਬ ਦੇ ਲੋਕ-ਨਾਚਾਂ ਉੱਤੇ ਖੋਜ ਕਰਵਾਉਣ ਲਈ ਕੋਈ ਵੀ ਰਸਮੀ ਸੰਸਥਾ ਸਰਗਰਮ ਨਜ਼ਰ ਨਹੀਂ ਆਉਂਦੀ। ਇਸ ਸਬੰਧੀ ਆਉਣ ਵਾਲੀਆ ਪੀੜ੍ਹੀਆਂ ਲਈ ਗਿਆਨ ਦਾ ਜ਼ਖੀਰਾ ਉਸਾਰਨ ਲਈ ਅਸੀਂ ਕੁਝ ਵੀ ਤਾ ਨਹੀਂ ਕੀਤਾ ਅਤੇ ਨਾ ਹੀ ਨਵੇਂ ਪ੍ਰਤਿਬਾ ਨੂੰ ਉਭਾਰਨ ਲਈ ਅਸੀਂ ਕਾਰਜਸ਼ੀਲ ਡਾਂਸ ਅਕਾਦਮੀਆਂ ਜਾ ਸਿਖਲਾਈ ਪ੍ਰੋਗਰਾਮਾਂ ਨੂੰ ਹੀ ਹੱਲਾ ਸ਼ੇਰੀ ਦੇ ਸਕੇ ਹਾਂ।

ਸਭ ਤੋਂ ਵੱਧ ਫਿਕਰਮੰਦੀ ਵਾਲੀ ਗੱਲ ਤਾਂ ਇਹ ਹੈ ਕਿ ਸੱਭਿਓਚਾਰ ਅਤੇ ਨੌਜਵਾਨ ਤਬਕੇ ਦਰਮਿਓਨ ਇੱਕ ਪਾੜਾ ਬਣ ਚੁੱਕਿਆ ਹੈ। ਮਾਰਗ ਦਰਸ਼ਨ, ਰੋਲ ਮਾਡਲ ਜਾਂ ਸਮਰਥਨ – ਤੰਤਰ ਦੀ ਅਣਹੋਂਦ ਵਿੱਚ ਬਹੁਤ ਸਾਰੇ ਨੌਜਵਾਨ ਨਸ਼ੇ ਪੱਤੇ ਵਾਲੇ ਪਾਸੇ ਪੈ ਕੇ ਲਾਚਾਰ ਜਿਹੇ ਹੋ ਕੇ ਰਹਿ ਗਏ ਹਨ। ਭੰਗੜਾ ਇਸ ਮਾਮਲੇ ਵਿੱਚ ਜਵਾਨੀ ਦੀ ਊਰਜਾ ਨੂੰ ਸਹੀ ਰਾਹ ਤੇ ਲੈ ਕੇ, ਆਪਣੀ ਪਛਾਣ ਬਣਾਉਣ ਰਾਹੀਂ, ਆਪਣੇ ਸੂਬੇ ਦੀ ਪਛਾਲ ਬਣਨ ਦਾ ਵਸੀਲਾ ਬਣ ਕੇ, ਸਮੱਸਿਆ ਦਾ ਚੰਗਾ ਹੱਲ ਸਾਬਤ ਹੋ ਸਕਦਾ ਸੀ ਪਰ ਉਹ ਮਾਰਗ ਵੀ ਅਪਣਾਇਆ ਨਹੀਂ ਗਿਆ।



**"ਜੇ ਅਸੀਂ ਹੁਣ ਵੀ ਨਾ ਸੰਭਲੇ ਤਾਂ ਮਿਹਜ਼ ਇਕ ਨਾਚ ਹੀ ਨਹੀਂ ਬਲਕਿ ਹੋਰ ਵੀ ਬਹੁਤ ਕੁਝ ਗੁਆ ਲਵਾਂਗੇ। ਇਸ ਗੁਓਾਚਣ ਵਿੱਚ ਸ਼ਾਮਲ ਹੈ - ਇਜਜ਼ਹਾਰ ਦੀ ਭਾਸ਼ਾ, ਖੁਸ਼ੀ ਦਾ ਪ੍ਰਤੀਕ, ਮਾਣ ਦਾ ਮੁਜੱਸਮਾ ਅਤੇ ਜੜਾਂ ਨਾਲ ਜੁੜੇ ਹੋਣ ਦਾ ਲਗਾਉ।"**

# ਵਰਲਡ ਭੰਗੜਾ ਲੀਗ
# ਸਾਡਾ ਮਕਸਦ

ਡਬਿਲਊ.ਬੀ.ਐ. (WBL) ਯਾਨੀ 'ਵਰਲਡ ਭੰਗੜਾ ਲੀਗ' ਦਾ ਬਸ ਇਹੋ ਮਕਸਦ ਹੈ – ਅਤੀਤ ਤੋਂ ਮਸਾਲ ਫਵਨਾ ਤੇ ਇਸ ਕਲਾ ਦੀ ਸਾਰਥਿਕਤਾ ਨੂੰ ਪ੍ਰਗਤੀ ਦੀ ਨਵੀਆਂ ਉਚਾਇਆ ਤੱਕ ਲੈ ਕੇ ਜਾਣਾ। ਅਸੀਂ ਭਾਵੇਂ ਵੱਖ-ਵੱਖ ਪਿੱਛੋਕੜ ਵਾਲੇ ਹਾਂ ਪਰ ਇੱਕ ਜਿਹੀ ਸੋਚ ਦੇ ਮਾਲਕ ਹੁੰਦੇ ਇਹ ਕਾਫ਼ਲੇ ਦੇ ਪਾਂਧੀ ਹਾਂ। ਸਾਡਾ ਉਦੇਸ਼ ਦੰਦ-ਕਥਾ ਬਣ ਚੁੱਕੇ ਉਹਨਾ ਕਲਾਕਾਰਾਂ ਦੀ ਵਿਰਾਸਤ ਨੂੰ ਅੱਗੇ ਤੋਰਨਾ ਹੈ ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਭੰਗੜੇ ਰਾਹੀਂ ਪੰਜਾਬੀ ਸੱਭਿਆਚਾਰ ਦੇ ਲੇਖੇ ਲਾ ਦਿੱਤਾ ਤਾਂ ਕਿ ਅਗਲੀ ਪੀੜ੍ਹੀ ਦੇ ਹੁਨਰਮੰਦ ਕਲਾਕਾਰ ਇਸ ਤੋਂ ਫ਼ੈਜ਼ਯਾਬ ਹੋ ਸਕਣ। ਸਾਡੇ ਵਿੱਚ ਕੁਝ ਤਾਂ ਤੀਜੀ ਪੀੜ੍ਹੀ ਦੇ ਉਹ ਕਲਾਕਾਰ ਵੀਹਨ ਜੋ ਕਸਬੀ ਪਹੁੰਚ ਵਾਲੇ ਸਿੱਖਿਅਕ ਅਤੇ ਅਜਿਹੇ ਬਿਜਨਸ ਲੀਡਰ ਹਨ ਜੋ ਭੰਗੜੇ ਨੂੰ ਬਤੌਰ ਸੱਭਿਆਚਾਰਕ ਸ਼ਕਤੀ ਜਾਂ ਪੇਸ਼ਾਵਰ ਸੰਭਾਵਨਾਵਾ ਦੇ ਰੂਪ ਵਿੱਚ ਵੀ ਵੇਖਦੇ ਹਨ। ਅਸਲ ਵਿੱਚ 'ਵਰਲਡ ਭੰਗੜਾ ਲੀਗ' ਦੀ ਸਥਾਪਨਾ ਇਸੇ ਬਾਵਨਾ ਨੂੰ ਕਾਮਨਾ ਬਣਾਉਣ ਲਈ ਕੀਤੀ ਗਈ ਹੈ। ਸਾਡਾ ਅਕੀਦਾ ਪੰਜਾਬੀ ਲੋਕ ਕਲਾਵਾਂ ਨਾਲ ਮੋਹ ਰੱਖਣ ਵਾਲੇ ਦੀਨੀਆ ਭਰ ਵਿੱਚ ਫੇਲੇ ਸੱਜਣਾਂ ਨੰ ਇੱਕ ਮੰਚ ਤੇ ਇਕੱਤਰ ਕਰਨਾ ਹੈ।

ਅਸੀਂ ਪੇਸ਼ਾਵਾਰ ਕਲਾਕਾਰਾਂ, ਨੌਜਵਾਨ ਪ੍ਰਤਿਭਾ ਅਤੇ ਭੰਗੜੇ ਨਾਲ ਜੁੜੇ ਜਜ਼ਬਾਤੀ ਸਿਖਿਆਰਥੀਆਂ ਲਈ ਨਵੇਂ ਮੌਕੇ ਤਿਆਰ ਕਰਨਾ ਚਾਹੁੰਦੇ ਹਾਂ, ਤਾਂ ਜੋ ਉਹਨਾਂ ਨੂੰ ,ਮਾਣਤਾ, ਆਮਦਨ ਅਤੇ ਗਲੋਬਲ ਮੰਚਾਂ ਤੱਕ ਪਹੁੰਚ ਮਿਲ ਸਕੇ। ਸਿ ਦੇ ਨਾਲ-ਨਾਲ ਅਸੀਂ ਉਹਨਾਂ ਵਰਿਧ ਜਨਿਆ ਦੀ ਭੀ ਸਹਾਇਤਾ ਕਰਨੀ ਚਾਹੁੰਦੇ ਹਾਂ– ਭੰਗੜੇ ਦੇ ਅਨੁਭਤੀ ਕੋਚ, ਨਿਰਤਕ ਅਤੇ ਸੰਗੀਤਕਾਰ ਜੋ 60 ਦੀ ਉਮਰ ਤੋਂ ਉਪਰ ਹਨ ਅਤੇ ਹੁਣ ਆਪਣਾ ਜੀਵਨ-ਨਿਰਵਾਹ ਨਹੀਂ ਕਰ ਸਕਦੇ। ਉਹਨਾਂ ਦੀ ਜਿੰਦਗੀ ਭਰ ਦੀ ਭੇਟ ਬੇਮਿਸਾਲ ਹੈ ਅਤੇ ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਉਹਨਾਂ ਨੂੰ ਸਨਮਾਨ, ਇੱਜ਼ਤ ਅਤੇ ਸਹਾਰਾ ਦਈਏ।

ਅਸੀਂ ਪੰਜਾਬੀ ਲੋਕ ਨਾਚਾਂ – ਕਾਸ ਕਰਕੇ ਭੰਗੜੇ – ਦੇ ਖੇਤਰ ਵਿੱਚ ਖੋਜ ਦੀ ਸ਼ੁਰੂਆਤ ਕਰਨ ਅਤੇ ਉਸਨੂੰ ਸਹਾਰਾ ਦੇਣ ਦੀ ਕੋਸ਼ਿਸ ਕਰਦੇ ਹਾਂ, ਤਾਂ ਜੋ ਇਸ ਦੀ ਰੰਗ-ਬਿਰੰਗੀ ਸੱਭਿਆਚਾਰਕ ਇਤਿਹਾਸ ਨੂੰ ਦਸਤਾਵੇਜ਼ ਕਰਕੇ, ਸੰਭਾਲ ਕੇ ਅਤੇ ਉਤਸ਼ਾਹਿਤ ਕਰਕੇ ਭਵਿੱਖ ਦਆਂ ਪੀੜ੍ਹੀਆਂ ਲਈ ਸੁਰੱਖਿਅਤ ਕੀਤਾ ਜਾ ਸਕੇ। ਸਾਂਝੀ ਕੋਸ਼ਿਸਾਂ ਰਾਹੀਂ ਅਸੀਂ ਅਗਲੀ ਪੀੜ੍ਹੀ ਨੂੰ ਦਿਸ਼ਾ ਦੇ ਸਕਦੇ ਹਾਂ ਕਿ ਭੰਗੜਾ ਕਿੱਥੋਂ ਆਇਆ, ਇਹ ਕਿਸ ਚੀਜ਼ ਦੀ ਨੁਮਾਇੰਦਗੀ ਕਰਦਾ ਹੈ, ਅਤੇ ਕਿਉਂ ਇਹ ਅੱਜ ਵੀ ਪੰਜਾਬੀ ਮਾਣ ਅਤੇ ਪਛਾਣ ਦਾ ਤਾਕਤਵਾਰ ਪ੍ਰਤੀਕ ਬਨਿਆ ਹੋਇਆ ਹੈ।

ਅਸੀਂ ਭੰਗੜੇ ਨੂੰ ਦੁਨੀਆ ਦੇ ਨਕਸ਼ੇ 'ਤੇ ਇੰਝ ਲਿਆਉਣੇ ਚਾਹੁੰਦੇ ਹਾਂ ਕਿ ਇਹ ਪੂਰੇ ਵਿਸ਼ਵ ਵਿੱਚ ਫੇਲੇ। ਨਾ ਕੇਵਲ ਪੰਜਾਬੀ ਅਤੇ ਭਾਰਤੀ ਪਿਛੋਕੜ ਵਾਲੇ, ਬਲਕਿ ਬੌਲੀਵੁੱਡ, ਹਾਲੀਵੁੱਡ, ਟੌਲੀਵੁੱਡ ਅਤੇ ਕੌਲੀਵੁੱਡ ਵਾਲੀਆਂ ਸਮੇਤ ਹਰ ਵਰਗ ਦੇ ਲੋਕ ਇਸ ਲਹਿਰ ਵਿੱਚ ਸ਼ਾਮਿਲ ਹੋਣ। ਸਾਡਾ ਸੁਪਨਾ ਹੈ ਕਿ ਰੰਗ, ਜਾਤ-ਪਾਤ ਅਤੇ ਧਰਮ ਦੀਆਂ ਵਲਗਣਾਂਤੋਂ ਪਾਰ ਜਾ ਕੇ ਭੰਗੜੇ ਨੂੰ ਸਬਿਆਚਾਰ, ਊਰਜਾ ਅਤੇ ਭਾਈਚਾਰਕ ਏਕਤਾ ਦਾ ਵਿਸ਼ਵ ਪੱਧਰੀ ਉਤਸਵ ਬਣਾਉਣਾ ਹੈ।

**ਆਓ ਇਸਨੂੰ ਬਣਾਈਏ । ਅਗਵਾਈ ਕਰੀਏ।**
**ਇਸ ਦੀ ਜ਼ਿੰਮੇਵਾਰੀ ਲੈਈਏ।**
**ਇੱਕਜੁੱਟ ਹੋ ਕੇ।**

# ਭੰਗੜਾ ਇੱਕ ਮੁਕਾਬਲੇ ਵਾਲੀ ਖੇਡ

ਜਿਵੇਂ ਕਲਾਤਮਕ ਤੈਰਾਕੀ (ਜਿਸ ਨੂੰ ਕਦੇ ਸਿੰਕਰੋਨਾਈਜ਼ਡ ਤੈਰਾਕੀ ਦੇ ਨਾ ਨਾਲ ਜਾਣਿਆ ਜਾਂਦਾ ਸੀ) ਆਪਣੀ 'ਪਰੰਪਰਕ ਖੇਡ' ਵਾਲੀ ਪਛਾਣ ਤੋਂ ਪਾਰ ਜਾਂਦੀ ਹੋਈ 'ਓਲੰਪਿਕ ਸਪੋਰਟਸ' ਦੇ ਪੱਧਰ ਤਕ ਪਹੁੰਚ ਚੁੱਕੀ ਹੈ, ਓਸੇ ਤਰ੍ਹਾਂ ਸਾਡਾ ਖ਼ਾਬ ਭੰਗੜਟ ਨੂੰ ਵੀ ਸੱਬਿਆਚਾਰ, ਗਤੀਸ਼ਲਿਤਾ ਅਤੇ ਰਚਨਾਤਮਕਤਾ ਦੇ ਪੱਧਰ ਤਕ ਚਰਚਾ ਕੇ ਇੱਕ ਮੁਕਾਬਲੇਬਾਜ਼ੀ ਦੀ ਖੇਡ ਬਣਾਉਣਾ ਹੈ।

ਭੰਗੜੇ ਵਿੱਚ ਇਹ ਸਮਰੱਥਾ ਮੌਜੂਦ ਹੈ ਕਿ ਉਹ ਮੁਕਾਬਲੇਬਾਜ਼ੀ  ਦੀ ਖੇਡ ਬਣ ਸਕੇ – ਕਿਉਂਕਿ ਇਹ ਆਪਣੇ ਰੂਪ ਵਿੱਚ ਇੱਕ ਐਥਲੈਟਿਕ ਆਈਟਮ ਹੀ ਹੈ ਜਿਸ ਵਿੱਚ ਪੈਰਾ ਦੀ ਸਰਗਰਮ ਭੂਮਿਕਾ, ਸੁਰ–ਤਾਲ ਅਤੇ ਬਾਜ਼ੀਗਰੀ ਸਾਰੇ ਤੱਤ ਮੌਜੂਦ ਹਨ। ਇਹ ਤੱਤ ਮਿਲ ਕੇ 'ਟੀਮ–ਖੇਡ' ਦੇ ਤਕਾਜਿਆਂ ਦੇ ਅਕਸ ਸਿਰਜਦੇ ਹਨ।

ਸਹੀ ਢਾਚੇ – ਜਿਵੇਂ ਕਿ ਲੀਗਾਂ, ਸਕੋਰਿੰਗ ਸਿਸਟਮ ਅਤੇ ਪ੍ਰਦਰਸ਼ਨ ਮਾਪਦੰਡਾਂ – ਦੇ ਨਾਲ, ਭੰਗੜਾ ਇੱਕ ਅੰਤਰਰਾਸ਼ਟਰੀ ਪੱਧਰ ਤੇ ਮੰਨਿਆ ਜਾਣ ਵਾਲਾ ਖੇਡ ਬਣ ਸਕਦਾ ਹੈ ਜੋ ਆਪਣੀ ਸੱਭਿਆਚਾਰਕ ਜੜਾ ਨੂਮ ਸੰਭਾਲਦੇ ਹੋਏ ਆਧੁਨਿਕ ਨਵੀਨਤਾ ਨੂੰ ਵੀ ਗਲੇ ਲਾਂਦਾ ਹੈ। ਇਸ ਦੀ ਤਕਨੀਕੀ ਬੁਨਿਆਦ ਪਹਿਲਾਂ ਹੀ ਮੁਕਾਬਲੇਬਾਣੀ ਵਾਲੀਆ ਖੇਡਾਂ ਨਾਲ ਮਿਲਦੀ ਹੈ : ਨੱਚਣ ਵਾਲੇ ਖਿਡਾਰੀ ਵਾਂ ਸਖ਼ਤ ਅਭਿਆਸ ਕਰਦੇ ਹਨ, ਜਿਵੇਂ ਕਿ ਉੱਚ ਛਾਲਾਂ, ਬੈਠਕਾਂ ਅਤੇ ਬਾਹਵਾਂ ਦੇ ਹੁਲਾਰੇ ਵਰਗੀਆ ਉੱਚ–ਤਬਿਰਤਾ ਵਾਲੀਆਂ ਦੁਹਰਾਈਆ ਗਤਿਵਿਧੀਆਂ ਜੋ ਸਰੀਰ ਦੇ ਮੁੱਖ ਮਾਸਪੇਸ਼ੀਆਂ ਨੂੰ ਕਿਰਿਆਸ਼ੀਲ ਕਰਦੀਆਂ ਹਨ ਅਤੇ ਮਜ਼ਬੂਤ ਦਿਲ–ਧੜਕਣੀ ਤੰਦਰੁਸਤੀ ਦੀ ਲੋੜ ਪਾਂਦੀਆਂ ਹਨ।

ਉਪਰੋਕਤ ਅਨੁਸਾਰ, ਸੰਸਾਰ ਪੱਧਰ ਤੇ ਭੰਗੜਾ ਦੀ ਪਛਾਣ ਬਣਨ ਨਾਲ ਨੌਜਵਾਨ ਤਬਕੇ ਲਈ ਵਨੇਂ ਮੌਕੇ ਪੈਦਾ ਹੋਣਗੇ। ਜਿਵੇਂ ਪੰਜਾਬ ਦਆਂ ਪਹਿਲਾਂ ਹੀ ਸਥਾਪਿਤ ਅਤੇ ਕਸਬੀ ਖੇਡਾ – ਹਾਕੀ , ਕਬੱਡੀ ਅਤੇ ਕ੍ਰਿਕੇਟ – ਨੇ ਨੌਜਵਾਨਾਂ ਲਈ ਰੋਜਗਾਰ ਅਤੇ ਮਾਣਯੋਗ ਪਛਾਣ ਦੇ ਰਾਹ ਖੋਲੇ, ਉਸੇ ਤਰ੍ਹਾਂ ਭੰਗੜੇ ਦੀ ਪ੍ਰਸਿੱਧੀ ਅਤੇ ਰਾਜਸੀ ਮਾਨਤਾ ਵੀ ਨੌਜਵਾਨ ਕਲਾਕਾਰਾਂ ਲਈ ਪੱਕੇ ਰੋਜ਼ਗਾਰ ਦੇ ਨਵੇਂ ਰਾਹ ਮੋਕਲੇ ਕਰੇਗੀ। ਇਸ ਦੇ ਨਾਲ–ਨਾਲ, ਬਾਰਤ ਵਿੱਚ ਮੌਜੂਦਾ ਸਹਾਇਕ ਨੀਤੀਆਂ ਦੇ ਅਧੀਨ, ਭੰਗੜਾ ਕਾਲਕਾਰ ਭਾਵ ਭੰਗਯਚੀ ਵਜ਼ੀਫ਼ੇ ਵੀ ਹਾਸਲ ਕਰ ਸਕਣਗੇ, ਉਚੀ ਸਿੱਕਿਆ ਤੱਕ ਪਹੁੰਚ ਬਣੇਗੀ ਅਤੇ ਰਾਖਵੀਆਂ ਨੌਕਰੀਆ ਵਿੱਚ ਵੀ ਉਹਾਂ ਨੂੰ ਸਥਾਨ ਮਿਲੇਗਾ।

# ਮੁਕਾਬਲਾਤਮਕ ਭੰਗੜਾ ਡਬਿਲਊ.ਬੀ.ਐਲ. ਨਾਲ

ਵਰਲਡ ਭੰਗੜਾ ਲੀਗ (WBL) ਵਿੱਚ, ਅਸੀਂ ਭੰਗੜੇ ਨੂੰ ਇੱਕ ਪਰੰਪਰਿਕ ਲੋਕ-ਅਭਿਵਿਆਕਤੀ ਤੋਂ ਇੱਕ ਨਿਯਮਤ, ਮੁਕਾਬਲਾਤਮਕ ਖੇਡ ਵਿੱਚ ਬਦਲਣ ਵਾਸਤੇ ਢੁਕਵੇਂ ,ਢਾਂਚਾਬੱਧ ਕਦਮ ਚੁੱਕ ਰਹੇ ਹਾਂ — ਬਿਨਾਂ ਇਸਦੀ ਸਾਂਝੀ ਸਭਿਆਚਾਰਕ ਰੂਹ ਨੂੰ ਗੁਆਏ।

## ਮੁਕਾਬਲਾਤਮਕ ਢਾਂਚੇ ਦੀ ਨਿਰਮਾਣੀ

ਡਬਿਲਊ.ਬੀ.ਐਲ. ਨਾਲ ਭੰਗੜੇ ਖੇਡ ਅਦਾਰਤ ਢਾਚਾ ਤਿਆਰ ਕਰ ਰਿਹਾ ਹੈ ਜੋ ਪੇਸ਼ੇਵਰ ਤਰੀਕੇ ਨਾਲ ਟ੍ਰੇਨਿੰਗ, ਪ੍ਰਦਰਸ਼ਨ ਅਤੇ ਮਕਾਬਲੇਬਾਜ਼ੀ ਨੂੰ ਪਰਿਭਾਸ਼ਿਤ ਕਰਦਾ ਹੈ। ਇਸ ਵਿੱਚ ਸ਼ਾਮਲ ਹਨ :

1. ਫਾਰਮੈਟਾ ਅਨੁਸਾਰ ਮੁਕਾਬਲਾਤਮਕ ਰਾਊਂਡਾਂ ਦੀ ਪਰਿਬਾਸ਼ਾ ਕਰਨਾ (ਟੀਮ, ਸੋਲੋ, ਲੋਕ-ਅਦਾਰਤ, ਰਚਨਾਤਮਕ ਅਤੇ ਸੰਗੀਤਕ) ।
2. ਨਿਯਮਾਂ ਦੀ ਲਾਗੂਆਤ : ਬਾਗੀਦਾਰੀ, ਯੋਗਤਾ ਅਤੇ ਅੰਕ-ਵੰਡ ਦੇ ਨਿਯਮ ਜੋ ਨਿਆਂ, ਪਾਰਦਰਸਿ ਅਤੇ ਰੌਲਿਆ ਨੂੰ ਯਕੀਨੀ ਬਣਾਉਣਾ।
3. ਆਚਰਨ ਸਿਧਾਂਤ (ਕੋਡ ਆਫ਼ ਕੰਡਕਟ) ਅਤੇ ਐਥਲੀਟ ਘੋਸ਼ਣਾਪੱਤਰ, ਤਾਂ ਜੋ ਖੇਡਸੁਭਾਅ ਅਤੇ ਅਨੁਸ਼ਾਸਨ ਬਣਿਆ ਰਹੇ।

## ਪੇਸ਼ਾਵਰ ਅਮਕ – ਸਿਸਟਮ ਦਾ ਵਿਕਾਸ ਕਰਨਾ

WBL ਇੱਕ ਐਸਾ ਜੱਜਿੰਗ ਅਤੇ ਸਕੋਰਿੰਗ ਸਿਸਟਮ ਲਾਗੂ ਕਰ ਰਹੀ ਹੈ ਜੋ ਅੰਤਰਰਾਸ਼ਟਰੀ ਅਤੇ ਪ੍ਰਦਰਸ਼ਨ ਆਧਾਰਤ ਖੇਡਾਂ ਤੋਂ ਪ੍ਰੇਰਿਤ ਹੈ। ਇਹ ਸਿਸਟਮ ਹਰ ਮੁਕਾਬਲੇ ਵਿੱਚ ਨਿਰਪੱਖ, ਲਗਾਤਾਰ ਅਤੇ ਉੱਚ – ਮਿਆਰੀ ਮੁਲਾਂਕਣ ਨੂੰ ਯਕੀਨੀ ਬਣਾਉਂਦਾ ਹੈ। ਹਰ ਪ੍ਰਦਰਸ਼ਨ ਦੀ ਜਾਂਚ ਪ੍ਰਸ਼ਿਕਸ਼ਤ ਅਤੇ ਪ੍ਰਮਾਣਿਤ ਅਧਿਕਾਰੀਆ ਵੱਲੋਂ ਤੈਅ ਕੀਤੇ ਗਏ ਸਾਫ਼ ਰੂਬਰੀਕਸ (ਮਾਪਦੰਡ) ਅਤੇ ਅੰਕ ਢਾਚੇ ਅਧੀਨ ਕੀਤੀ ਜਾਵੇਗੀ।

1. **ਤਕਨੀਕੀ ਕਾਰਗੁਜ਼ਾਰੀ** – ਮਿਆਰੀ ਭੰਗੜਾ ਕਦਮਾਂ ਨੂੰ ਸਹੀ ਢਮਗ ਅਤੇ ਸੂਕਮਤਾ ਨਾਲ ਅਮਜਾਮ ਦੇਣਾ।
2. **ਸਮਨਵਿਤਤਾ ਅਤੇ ਰਚਨਾ** – ਟੀਮ ਮੈਂਬਰਾਂ ਵਿਚਕਾਰ ਸਹੀ ਟਾਈਮਿੰਗ ਨਾਲ ਸਾਂਝ, ਮੰਚ ਉੱਤੇ ਢਾਂਚਾਬੰਦੀ (ਫਾਰਮੇਸ਼ਨ)ਦੀ ਸੂਝ-ਬੂਝ ਅਤੇ ਭੰਗੜੇ ਦੀ ਲੈਅ-ਤਾਲ ਦੇ ਨਾਲ ਰਿਥਮਿਕ ਤਾਲਮੇਲ।
3. **ਸ਼ਾਰੀਰਿਕ ਸਹਿਨਸ਼ੀਲਤਾ ਅਤੇ ਮੋਢ** – ਸਹਿਣਸ਼ੀਲਤਾ, ਤਾਕਤ, ਸਰੀਰ ਤੇ ਕਾਬੂ ਅਤੇ ਖੇਡ – ਅਨੁਸ਼ਾਸਨ।
4. **ਤੀਬਰਤਾ ਅਤੇ ਦਰਸ਼ਕ ਪ੍ਰਭਾਵ** – ਭੰਗੜੇ ਦੀ ਊਰਜਾ, ਚਿਹਰੇ ਦੀ ਅਭਿਵੈਕਤੀ, ਦਰਸ਼ਕਾਂ ਨਾਲ ਜੋੜ ਅਤੇ ਮੰਚ ਉੱਤੇ ਮਜ਼ਬੂਤ ਹਾਜ਼ਰੀ ਜੋ ਦਰਸ਼ਕਾਂ ਨੂੰ ਪ੍ਰਭਾਵਿਤ ਕਰੇ ।
5. **ਸਟਜਾਨਤਮਕਤਾ ਅਤੇ ਸੰਗੀਤ – ਅਨੁਭੂਤੀ** – ਨੱਚ ਦੀ ਰਚਨਾ ਵਿੱਚ ਨਵੀਨਤਾ, ਧੁਨ ਦੇ ਅਨੁਸਾਰ ਭਾਵਨਾ ਨਾਲ ਅਦਾਕਾਰੀ ਅਤੇ ਰਚਨਾਤਮਕ ਤਰੀਕੇ ਨਾਲ ਹੌਲੀ-ਹੌਲੀ ਤਬਦੀਲੀਆਂ ਲਿਆਉਣ ਦੀ ਸਮਰੱਥਾ।
6. **ਸਾਂਸਕ੍ਰਿਤਕ ਅਸਲੀਅਤ** : ਭੰਘੜੇ ਦੀ ਪਰੰਪਰਿਕ ਰੂਹ ਨੂੰ ਆਦਰ ਦੇਣਾ, ਨਾਲ ਹੀ ਆਧੁਨਿਕ ਅਭਿਵਿਅਕਤੀ ਲਈ ਥਾਂ ਬਣਾਈ ਰੱਖਣਾ।

# ਕਦਮ, ਨਿਯਮ ਅਤੇ ਮਾਪਦੰਡਾਂ ਦੀ ਪਰਿਭਾਸ਼ਾ

ਇੱਕ ਸਾਂਸਕ੍ਰਿਤਕ - ਖੇਡ ਸੰਘ ਵਜੋਂ, ਵਰਲਡ ਭੰਗੜਾ ਲੀਗ (WBL) ਭੰਗੜੇ ਦੀ ਅਧਿਕਾਰਕ ਭਾਸ਼ਾ ਨੂਮ ਕੋਡਬੱਧ ਕਰ ਰਹੀ ਹੈ। : ਜਿਸ ਵਿੱਚ ਮੁੱਖ ਕਦਮਾਂ ਦੀ ਪਛਾਣ ਕਰਨਾ ਅਤੇ ਉਨ੍ਹਾਂ ਦੇ ਅਮਲ ਲਈ ਮਿਆਰੀ ਨਿਯਮ ਬਣਾਉਣਾ ਸ਼ਾਮਲ ਹੈ। ਇਸ ਪ੍ਰਕਿਰਿਆ ਵਿੱਚ ਸ਼ਾਮਲ ਹਨ:

ਉਦਾਹਰਨ ਵਜੋਂ, ਧਮਾਲ ਵਰਗੇ ਕਦਮਾਂ ਲਈ ਸਾਫ਼ - ਸੁਥਰੇ ਖੜ੍ਹਾਕ, ਘੁਟਣੀ ਦੇ ਝੁਕਾਅ ਦਾ ਕੋਣ, ਅਤੇ ਟਾਈਮਿੰਗ ਦੇ ਮਿਆਰ ਤੈਓ ਕੀਤੇ ਜਾਣਗੇ ਤਾਂ ਜੋ ਹਰ ਪ੍ਰਦਰਸ਼ਨ ਦੀ ਨਿਰਪੱਖ ਅਤੇ ਇੱਕੋ ਜਿਹੀ ਮਾਪਦੰਡਾਂ ਤੇ ਜਾਂਚ ਹੋ ਸਕੇ। ਇਹ ਤਰੀਕਾ ਨਿਰਣੀਆਂ ਵਿੱਚ ਇਨਸਾਫ਼, ਸਥਿਰਤਾ ਅਤੇ ਪੇਸ਼ਾਵਰਤਾ ਨੂੰ ਯਕੀਨੀ ਬਣਾਏਗਾ।

1. ਹਰ ਲੋਕ ਕਦਮ ਲਈ ਠਕਿ ਫਾਰਮ (ਅਮਦਾਜ਼), ਕੋਣ, ਸਰੀਰ ਦੀ ਸਥਿਤੀ ਅਤੇ ਅਮਲ ਕਰਨ ਦੀ ਢੰਗੀ ਤਰੀਕਾ ਤੈਅ ਕੀਤਾ ਜਾਵੇਗਾ।

2. ਜੱਜਾਂ ਲਈ ਇੱਕ ਨਿਯਮ ਪੁਸਤਕ ਤਿਆਰ ਕੀਤੀ ਜਾਵੇਗੀ, ਜਿਸ ਰਾਹੀਂ ਤੁਹ ਭੰਗੜੇ ਦੇ ਹਰ ਹਿਲਾਅ ਨੂੰ ਮਾਪਣਯੋਗ ਮਿਆਰਾਂ ਅਨੁਸਾਰ ਅੰਕ ਦੇ ਸਕਣ।

3. ਲੋਕ ਪਰੰਪਰਾਵਾਂ ਨਾਲ ਨਿਭਾਅ ਕਰਦਿਆਂ, ਭੰਗੜੈ ਨੂਮ ਐਥਲੈਟਿਕ ਮਾਪਦੰਡਾਂ - ਜਿਵੇਂ ਕਿ ਸਾਫ਼ਗੀ, ਮਿਆਰੀ ਮਾਪ ਅਤੇ ਕਾਰਜ਼ੁਜਾਰੀ ਦੀ ਨਿਰਣੇਯੋਗਤਾ - ਦੇ ਅਨੁਕੂਲ ਬਣਾਇਆ ਜਾ ਰਿਹਾ ਹੈ।

# ਖਿਡਾਰੀ ਤਾਲੀਮ ਅਤੇ ਸਰੀਰਕ ਤਿਆਰ

**ਡਬਲਿਊਬੀਐਲ (WBL)** ਵਿਖੇ ਅਸੀਂ ਭੰਗੜਾ ਨਿਰਤਕਾਂ ਨੂੰ ਉੱਚ-ਕਾਰਗੁਜ਼ਾਰੀ ਖਿਡਾਰੀ ਮੰਨਦੇ ਹਾਂ। ਅਸੀਂ ਇਕ ਵਿਸ਼ਵਾਰਤ ਸਰੀਰਕ ਤਿਆਰੀ ਪ੍ਰਣਾਲੀ ਤਿਆਰ ਕਰ ਰਹੇ ਹਾਂ ਜੋ ਤਾਕਤ, ਸਟੈਮਿਨਾ ਅਤੇ ਉਤਕ੍ਰਿਸ਼ਟਤਾ ਤੇ ਕੇਂਦਰਤ ਹੈ- ਇਹ ਪ੍ਰਣਾਲੀ ਜਿਮਨੈਸਟਿਕਸ, ਮਾਰਸ਼ਲ ਆਰਟਸ ਅਤੇ ਡਾਂਸ - ਸਪੋਰਟ ਵਰਗੀਆਂ ਪੇਸ਼ਾਵਰ ਖੇਡਾ ਦੇ ਤਕਨੀਕੀ ਮਾਪਦੰਡਾਂ ਨਾਲ ਮੇਲ ਕਾਂਦੀ ਹੈ।

1. ਰੋਜ਼ਾਨਾ ਤਾਕਤ ਅਤੇ ਕਾਰਡੀਓ ਅਭਿਆਸ - ਜਿਹੜੇ ਸਰੀਰਕ ਸਟੈਮਿਨਾ, ਤਬਿਰਤਾ ਵਾਲੀ ਤਾਕਤ ਅਤੇ ਪੂਰਨ ਤੰਦਰੁਸਤੀ ਨੂੰ ਵਿਕਸਿਤ ਕਰਨ ਲਈ ਬਣਾਏ ਗਏ ਹਨ।

2. ਲਚਕੀਲੇਪਨ ਅਤੇ ਗਤੀਸ਼ੀਲਤਾ ਦੀ ਟ੍ਰੇਨਿੰਗ - ਤਕਨੀਕ ਨੂੰ ਨਿਖਾਰਨ, ਚੋਟਾਂ ਤੋਂ ਬਚਾਅ ਕਰਨ ਅਤੇ ਨਿਰਵਿਘਨ ਹਿਲਚਾਲ ਯਕੀਨੀ ਬਣਾਉਣ ਲਈ।

3. ਤਕਨੀਕੀ ਅਭਿਆਸ - ਸਮਾਂ-ਬੋਧ, ਸੰਤੁਲਨ, ਸਰੀਰਕ, ਅਵਸਥਾ ਅਤੇ ਥਾਵਾਂ ਦੀ ਸੂਝ ਤੇ ਕੇਂਦਰਿਤ।

4. ਟੀਮ ਅਦਾਰਤ ਸਹਿਯੋਗਤਮਕ ਕਸਰਤਾ ਨਾਲ ਸੰਰਚਿਤ ਅਭਿਆਸ ਸਮਾਂ-ਸੂਚੀ।

# ਮਾਨਤਾ ਲਈ ਨਵੇਂ ਮੰਚ

ਡਬਲਯੂਬੀਐਲ (WBL) ਭੰਗੜੇ ਨੂੰ ਇੱਕ ਮਾਨਤਾ ਪ੍ਰਾਪਤ ਮੁਕਾਬਲੇਬਾਜ਼ੀ ਖੇਡ ਦੇ ਦਰਜੇ ਤੇ ਲੈ ਜਾਣ ਲਈ ਨਿਯਮਤ ਮੁਕਾਬਲਿਆਂ, ਅਧਿਕਾਰਰ ਰੈਕਿੰਗਾਂ ਅਤੇ ਸਾਲਾਨਾ ਚੈਂਪੀਅਨਸ਼ਿਪਾਂ ਦੀ ਸਥਾਪਨਾ ਕਰ ਰਹੀ ਹੈ। ਇਹ ਨਵੇਂ ਮੰਚ ਹੇਠ ਲਿਖੀਆ ਤਾਕਤਵਰ ਸੰਭਾਵਨਾਵਾਂ ਦੇ ਰਾਹ ਖੋਲਣਗੇ।

1. ਯੁਵਾ ਪੀੜ੍ਹੀ ਨੂੰ ਨਸ਼ਿਆ ਤੋਂ ਦੂਰ ਰਹਿਣ ਦੀ ਸਿੱਖਿਆ ਦੇਣੀ ਅਤੇ ਉਨ੍ਹਾਂ ਨੂੰ ਸ਼ਾਰੀਰਕ ਅਤੇ ਮਾਨਸਿਕ ਤੌਰ ਤੇ ਮਜ਼ਬੂਤ ਬਣਾਉਣਾ, ਤਾਂ ਜੋ ਉਹ ਆਦਰਯੋਗ ਅਤੇ ਜ਼ਿੰਮੇਵਾਰ ਨਾਗਰਿਕ ਬਣ ਸਕਣ।

2. ਟੀਮਾਂ ਇਨਾਮ, ਪ੍ਰੋਤਸਾਹਨ (ਐਂਡੋਰਸਮੈਂਟਸ) ਅਤੇ ਜਨਤਕ ਮਾਨਤਾ ਹਾਸਲ ਕਰ ਸਕਣ।

3. ਸਕੂਲਾਂ, ਯੂਨੀਵਰਸਿਟੀਆਂ ਅਤੇ ਸਰਕਾਰਾਂ ਵੱਲੋਂ ਸੰਸਥਾਗਤ ਸਹਿਯੋਗ, ਜਿਸ ਨਾਲ ਸਕਾਲਰਸ਼ਿਪ ਅਤੇ ਨੀਤੀਆਂ ਵਿੱਚ ਬਾਗੀਦਾਰੀ ਨੂੰ ਯਕੀਨੀ ਬਣਾਇਆ ਜਾ ਸਕੇ।

4. WBL ਰਾਹੀਂ ਭੰਗੜਾ ਹੁੰਨਰ ਦਾ ਨਾਮ, ਸ਼ੋਹਰਤ ਅਤੇ ਆਰਥਿਕ ਕਮਾਈ ਨਾਲ ਸੰਭਾਲ ਅਤੇ ਸ਼ਕਤੀ ਦੇਣਾ।

5. ਪੰਜਾਬੀ ਲੋਕ ਨਾਚਾਂ ਦੇ ਖੇਤਰ ਵਿੱਚ ਖੋਜ ਕੰਮ ਦੀ ਸ਼ੁਰੁਆਤ ਕਰਨੀ ਅਤੇ ਭੰਗੜੇ ਦੇ ਮਾਹਿਰ ਕਲਾਕਾਰਾਂ ਤੇ ਸੰਗੀਤਕਾਰਾਂ ਤੇ ਡੌਕੂਮੈਂਟਰੀਆਂ ਤਿਆਰ ਕਰਨੀ।

6. ਭੰਗੜਾ ਐਥਲੀਟ, ਕੋਚ, ਜੱਜ ਅਤੇ ਸੰਗੀਤਕਾਰ ਵਜੋਂ ਕਰੀਅਰ ਦੇ ਰਾਹ ਬਣਾਉਣ।

7. ਉਨ੍ਹਾਂ ਭੰਗੜਾ ਮਾਹਿਰਾਂ (60+) ਨੂੰ ਇੱਜ਼ਤ ਅਤੇ ਆਦਰ ਦੇ ਨਾਲ ਸਨਮਾਨਿਤ ਕਰਨਾ ਅਤੇ ਸਮਰਥਨ ਦੇਣਾ ਜੋ ਹੁਣ ਆਪਣੀ ਰੋਜ਼ੀ-ਰੋਟੀ ਨਹੀਂ ਕਮਾ ਸਕਦੇ।

ਅਸੀਂ ਇਸ ਲਹਿਰ ਦਾ ਆਗਾਜ਼ ਕਰ ਦਿੱਤਾ ਹੈ। ਇਸ ਨੂੰ ਅਗਾਂਹ ਤੋਰਨਾ ਹੁਣ ਤੁਹਾਡੀ ਜ਼ਿੰਮੇਵਾਰੀ ਹੈ। ਇਹ ਦੁਨੀਆ ਭਰ ਦੇ ਹਰ ਪੰਜਾਬੀ, ਭੰਗੜਾ ਕਲਾਕਾਰਾ ਅਤੇ ਸਮੁੱਚੇ ਤੌਰ ਤੇ ਲੋਕ - ਸੱਭਿਓਚਾਰ ਦੇ ਦਵਾਨਿਆਂ ਲਈ ਖੁਲ੍ਹਾ ਸੱਦਾ ਹੈ। ਹੁਣ ਵਕਤ ਹੈ ਭੰਗੜੇ ਨੂੰ ਸਟੇਜਾਂ ਅਤੇ ਰਸਮੀ ਸਮਾਗਮਾਂ ਤੋਂ ਪਾਰ ਲਿਜਾਣ ਲਈ ਇੱਕਮੁਠ ਹੋਣ ਦੀ ਅਤੇ ਇਸ ਨੂੰ ਕਲਾਸ-ਰੂਮਾਂ ਤੇ ਫਿਲਮਾਂ ਤੋਂ ਅੱਗੇ ਲਿਜਾ ਕੇ ਅਖਾੜਿਆਂ ਤੇ ਜਨ ਜੀਵਨ ਦਾ ਹਿੱਸਾ ਬਣਾਉਣ ਦੀ।

ਤੁਸੀਂ ਇਸ ਲਹਿਰ ਦੀ ਧਵਕਣ ਹੋ। ਤੁਸੀਂ ਹੀ ਇਸ ਲੋਕ-ਨ੍ਰਿਤ ਦੀ ਤਾਲ ਨੂੰ ਮਾਨਵੀ ਭਵਿੱਖ ਦੀ ਲੈਅ -ਤਾਲ ਬਣਾਉਣਾ ਹੈ। ‘ਵਰਲਡ ਭੰਗੜਾ ਲੀਗ’ ਤੁਹਾਡਾ ਆਪਣਾ ਮੰਚ ਹੈ, ਤੁਹਾਡੀ ਆਪਣੀ ਦਾਸਤਾਨ ਹੈ, ਤੁਹਾਡਾ



“ਆਉ, ਅੱਗੇ ਲੱਗੋ, ਅਸੀਂ ਰਲ ਮਿਲ ਕੇ ਭੰਗੜੇ ਦੀ ਕਾਲਾਤੀਤ ਸੁਰਤਾਲ ਰਾਹੀਂ ਅਤੀਤ ਦਾ ਸਤਿਕਾਰ ਕਰਦਿਆ, ਵਰਤਮਾਨ ਨੂੰ ਮਨਾਈਏ ਅਤੇ ਭਵਿੱਖ ਨੂੰ ਪ੍ਰੇਰਿਤ ਕਰੀਏ।”

# ਗੂੰਜਾਂ ਨਵੇਂ ਢੋਲ ਦੀਆਂ

## ਭੰਗੜੇ ਦੀ ਅੱਗੇ ਵਧਦੀ ਕਦਮਤਾਲ – ਡਬਲਯੂਬੀਐਲ (WBL) ਦੇ ਨਾਲ।

**ਇਕ ਧੁਨ ਜੋ ਕਿਸੇ ਵੇਲੇ ਸੁਨਿਗਹਰੇ ਖੇਤਾਂ ਚ ਉਪਜੀ ਸੀ ,**
**ਹੁਣ ਦੁਹਰਾਉਂਦੀ ਹੈ ਆਪਣੀ ਅਣਕਹੀ ਦਾਸਤਾਨ।**

ਜ਼ਿੰਦਗੀ ਸਿਰਫ਼ ਨਾਚ ਹੀ ਨਹੀ
ਜ਼ਿੰਦਗੀ ਤਾਂ ਹੈ ਭਵਿੱਖ ਲੋਚਦੀ
ਤੇ ਮੌਕਾ ਦਰ ਮੌਕਾ ਭਾਲਦੀ।
ਸਾਨੂੰ ਨਹੀਂ ਲੋੜ ਬੇਦਾਰੀ ਦੀ
ਸਾਡੇ ਅਮਦਰ ਓੱਗ ਬੇਕਰਾਰੀ ਦੀ।
ਹਾਲੇ ਵੀ ਵੇਲਾ ਹੈ
ਵਿਰਾਸਤ ਕੱਟੇ ਦਲੇਰਾਨਾ ਮੋੜ।
ਡਬਿਲਊ ਬੀ ਐਲ ਦਾ ਸੱਦਾ ਹੈ।
ਚਿਣਗ ਹੈ।
ਲੋੜ ਹੈ ਭੰਗੜੇ ਨੂੰ
ਵਕਤ ਦੇ ਪਰਛਾਵਿਆਂ ਤੋਂ ਬਚਾਉਣ ਦੀ
ਤੇ ਨਿੱਚ ਨਵੀਆਂ ਮੰਜ਼ਿਲਾਂ ਵੱਲ ਲਿਜਾਣ ਦੀ
ਢੋਲ ਦੇ ਹਰ ਡੱਗੇ ਤੇ
ਇੱਕ ਸੁਪਨਾ ਪਰਵਾਜ਼ ਭਰਦਾ ਹੈ।

ਤੁਹਾਡੇ ਰਾਹ ਅਸੀਨ ਲਿਆਵਾਂਗੇ ਰੌਸ਼ਨੀ–ਦਰ–ਰੌਸ਼ਨੀ
ਨਾਂ ਰੱਖਣਿਆਂ ਵਿਚ ਰੱਖਣ ਲਈ ਨਾ ਖਾਮੋਸ਼ੀ 'ਚ ਡੱਕਣ ਲਈ
ਬਲਕਿ ਇਸ ਨੂੰ ਜੀਣ ਲਈ
ਆਪ ਭੰਗੜਾ ਹੋਣ ਲਈ।

# ਪੰਮੀ ਬਾਈ ਅਤੇ ਟੀਮ

WORLD BHANGRA LEAGUE

ਵਰਲਡ ਭੰਗੜਾ ਲੀਗ (WBL) ਇੱਕ ਸੱਭਿਆਚਾਰਕ ਟਰੱਸਟ ਹੈ।

Head Office: 1-P, Annexy Complex, North Sirhind Bypass, Ghuman Nagar,
Patiala-147003, Punjab, India
Email: info@worldbhangraleague.com M: 98140-19883